**Model Test Paper**

**ਦਸਵੀਂ ਜਮਾਤ**

**ਸਮਾਜਿਕ ਸਿੱਖਿਆ**

**2022-23**

**ਸਮਾਂ: 3 ਘੰਟੇ** **ਕੁੱਲ ਅੰਕ: 80**

**ਨੋਟ:**

**1. ਸਾਰੇ ਪ੍ਰਸ਼ਨ ਜ਼ਰੂਰੀ ਹਨ।**

**2. ਪ੍ਰਸ਼ਨ ਪੱਤਰ ਵਿੱਚ 6 ਭਾਗ ੳ, ਅ, ੲ, ਸ, ਹ ਅਤੇ ਕ ਸ਼ਾਮਲ ਹੋਣਗੇ।**

**ਭਾਗ - ੳ**

**1. ਬਹੁ-ਵਿਕਲਪੀ ਪ੍ਰਸ਼ਨ:-** **12x1=12**

1. ਕਿਹੜੀ ਨਹਿਰ ਦੇ ਖੁੱਲਣ ਕਾਰਨ ਭਾਰਤ ਨੂੰ ਪੱਛਮੀ ਯੂਰਪ ਨਾਲ ਵਪਾਰ ਵਿੱਚ ਆਸਾਨੀ ਹੋਈ ਹੈ?

(a) ਪਨਾਮਾ ਨਹਿਰ (b) ਕੈਸਪੀਅਨ ਨਹਿਰ

(c) ਚਿਲਕਾ ਨਹਿਰ (d) ਸਵੇਜ਼ ਨਹਿਰ

2. ਇੰਦਰਾ ਪੁਆਇੰਟ ਭਾਰਤ ਦੀ ਕਿਹੜੀ ਸੀਮਾ ਬਿੰਦੂ ਉੱਤੇ ਸਥਿੱਤ ਹੈ ?

(a) ਉੱਤਰੀ (b) ਪੂਰਬੀ

(c) ਦੱਖਣੀ (d) ਪੱਛਮੀ

3. ਬੇਲਾਡਿਲਾ ਖਾਣਾਂ ਵਿੱਚ ਮੁੱਖ ਤੌਰ 'ਤੇ ਕਿਹੜਾ ਖਣਿਜ ਪਾਇਆ ਜਾਂਦਾ ਹੈ?

(a) ਮੈਂਗਨੀਜ਼ (b) ਲੋਹਾ

(c) ਕੋਲਾ (d) ਮੀਕਾ

4. ਕਿਸੇ ਦੇਸ਼ ਦੇ ਸਾਧਾਰਨ ਵਸਨੀਕਾਂ ਦੁਆਰਾ .................... ਦੇ ਰੂਪ ਵਿੱਚ ਕਮਾਈ ਕੀਤੀ ਸ਼ੁੱਧ ਕਾਰਕ ਆਮਦਨ ਰਾਸ਼ਟਰੀ ਆਮਦਨ ਹੈ।

(a) ਲਾਭ (b) ਵਿਆਜ

(c) ਟੈਕਸ ਅਤੇ ਮਜ਼ਦੂਰੀ (d) ਇਹ ਸਭ

5. ਉਪਭੋਗ 'ਤੇ ਸਭ ਤੋਂ ਵੱਧ ਪ੍ਰਭਾਵ ਕਿਸ ਦਾ ਪੈਂਦਾ ਹੈ?

(a) ਉਤਪਾਦਨ (b) ਖਰਚ

(c) ਆਮਦਨ (d) ਇਹਨਾਂ ਵਿੱਚੋਂ ਕੋਈ ਨਹੀਂ

6. ਖਪਤਕਾਰਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ, ਇੱਕ ਤਿਮਾਹੀ ਮੈਗਜ਼ੀਨ 'ਉਪਭੋਕਤਾ ਜਾਗਰਣ' ਕਿਸ ਸਾਲ ਤੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ?

(a) ਮਾਰਚ 1991 (b) ਮਾਰਚ 1999

(c) ਮਾਰਚ 2001 (d) ਮਾਰਚ 2007

Downloaded from cclchapter.com

7. ਘੱਗਰ ਨਦੀ ਅਤੇ ਯਮੁਨਾ ਨਦੀ ਦੇ ਵਿਚਕਾਰ ਸਥਿਤ ਖੇਤਰ ਨੂੰ.......... ਕਿਹਾ ਜਾਂਦਾ ਹੈ।

(a) ਮਾਲਵਾ (b) ਦੁਆਬਾ

(c) ਪੋਠੋਹਾਰ (d) ਬਾਂਗਰ

8. ਲੋਧੀ ਰਾਜਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਕੌਣ ਸੀ?

(a) ਬਹਿਲੋਲ ਖਾਨ ਲੋਧੀ (b) ਸਿਕੰਦਰ ਲੋਧੀ

(c) ਇਬਰਾਹਿਮ ਲੋਧੀ (d) ਦੌਲਤ ਖਾਨ ਲੋਧੀ

9. ਕਿਹੜੇ ਗੁਰੂ ਜੀ ਨੇ ਲਾਹੌਰ ਵਿਖੇ ਬਾਉਲੀ ਸਾਹਿਬ ਦੀ ਉਸਾਰੀ ਕਰਵਾਈ ਸੀ?

(a) ਗੁਰੂ ਅੰਗਦ ਦੇਵ ਜੀ (b) ਗੁਰੂ ਅਮਰਦਾਸ ਜੀ

(c) ਗੁਰੂ ਰਾਮਦਾਸ ਜੀ (d) ਗੁਰੂ ਅਰਜਨ ਦੇਵ ਜੀ

10. ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ.............. ਵਿੱਚ ਹੋਈ।

(a) 1910 ਈ. (b) 1915 ਈ.

(c) 1920 ਈ. (d) 1925 ਈ.

11. ਹੇਠ ਲਿਖੀਆਂ ਵਿੱਚੋਂ ਕਿਹੜੀ ਰਾਸ਼ਟਰੀ ਸਿਆਸੀ ਪਾਰਟੀ ਹੈ?

(a) ਸ਼੍ਰੋਮਣੀ ਅਕਾਲੀ ਦਲ (b) ਇੰਡੀਅਨ ਨੈਸ਼ਨਲ ਕਾਂਗਰਸ

(c) ਜਨਤਾ ਪਾਰਟੀ (d) ਨੈਸ਼ਨਲ ਕਾਨਫਰੰਸ

12? ਰਾਜਪਾਲ ਦੀ ਨਿਯੁਕਤੀ ਕੌਣ ਕਰਦਾ ਹੈ .

(a) ਸੁਪਰੀਮ ਕੋਰਟ ਦਾ ਜੱਜ (b) ਪ੍ਰਧਾਨ ਮੰਤਰੀ

(c) ਰਾਸ਼ਟਰਪਤੀ (d) ਮੁੱਖ ਮੰਤਰੀ

**ਭਾਗ- ਅ**

**2. ਵਸਤੂ ਨਿਸ਼ਠ ਪ੍ਰਸ਼ਨ: - 12x1=12**

1. ਅੱਜ ਦੇ ਭਾਰਤ ਦੀ ਭੂਗੋਲਿਕ ਪ੍ਰਬੰਧਕੀ ਵੰਡ ਕੀ ਹੈ?
2. ਹਿਮਾਲੀਆ ਪਰਬਤ ਲੜੀ ਦਾ ਆਕਾਰ ਕੀ ਹੈ?
3. ਯੂਰੇਨੀਅਮ ਤੋਂ ਕਿਹੜੀ ਊਰਜਾ ਮਿਲਦੀ ਹੈ?
4. ਰਾਜ ਕੋਸ਼ੀ ਨੀਤੀ ਤੋਂ ਕੀ ਭਾਵ ਹੈ?
5. ਛੁਪੀ ਹੋਈ ਬੇਰੁਜ਼ਗਾਰੀ ਦਾ ਕੀ ਅਰਥ ਹੈ?
6. ਹਰੀ ਕ੍ਰਾਂਤੀ ਕੀ ਹੈ?
7. ਪੰਜਾਬ ਨੂੰ ਪੰਚਨਦ ਕਿਸ ਕਾਲ ਵਿੱਚ ਕਿਹਾ ਜਾਂਦਾ ਸੀ?
8. ਸੱਯਦ ਕੌਣ ਸਨ?
9. ਦਸਵੰਧ ਦੀ ਪਰਿਭਾਸ਼ਾ ਦਿਓ।
10. ਭਾਰਤ ਵਿੱਚ ਕਿੰਨੇ ਰਾਜ ਹਨ?

Downloaded from cclchapter.com

11. ਰਾਜ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?

12. ਲੋਕ ਸਭਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ ਕਿੰਨ੍ਹੀ ਹੋਣੀ ਚਾਹੀਦੀ ਹੈ?

**ਭਾਗ- ੲ**

**3. ਇਸ ਭਾਗ ਵਿੱਚ 8 ਉਪ-ਭਾਗ (ਪ੍ਰਸ਼ਨ) ਹਨ। ਹਰ ਪ੍ਰਸ਼ਨ ਦਾ ਉੱਤਰ ਲਗਭਗ 30-50 ਸ਼ਬਦਾਂ ਵਿੱਚ ਦਿਓ। 8x3=24**

1. ਦੇਸ਼ ਵਿੱਚ ਮਹਾਨ ਹਿਮਾਲਿਆ ਦਾ ਕੀ ਯੋਗਦਾਨ ਹੈ?
2. ਆਬਾਦੀ ਦੀ ਵੰਡ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕੀ ਹਨ?
3. ਬੁਨਿਆਦੀ ਢਾਂਚੇ ਤੋਂ ਤੁਹਾਡਾ ਕੀ ਮਤਲਬ ਹੈ? ਇਸਦੀ ਕੀ ਲੋੜ ਹੈ?
4. ਭਾਰਤੀ ਖੇਤੀ ਦੇ ਵਿਕਾਸ ਵਿੱਚ ਸਰਕਾਰ ਦੇ ਯੋਗਦਾਨ ਦੀ ਵਿਆਖਿਆ ਕਰੋ।
5. ਗੁਰੂ ਨਾਨਕ ਦੇਵ ਜੀ ਸੱਚੇ ਸੌਦੇ ਵਾਲੀ ਘਟਨਾ ਦਾ ਵਰਣਨ ਕਰੋ।
6. ਆਨੰਦਪੁਰ ਸਾਹਿਬ ਦੀ ਲੜਾਈ ਦਾ ਵਰਣਨ ਕਰੋ।
7. ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਦਾ ਵਰਣਨ ਕਰੋ।
8. ਨਿਸ਼ਸਤਰੀਕਰਨ ਦਾ ਵਰਣਨ ਕਰੋ।

**ਭਾਗ- ਸ**

**4. ਇਸ ਭਾਗ ਵਿੱਚ 8 ਉਪ-ਭਾਗ (ਪ੍ਰਸ਼ਨ) ਹਨ। ਕਿਸੇ ਵੀ 4 ਪ੍ਰਸ਼ਨਾਂ ਦੇ ਉੱਤਰ ਲਗਭਗ 80-100 ਸ਼ਬਦਾਂ ਵਿੱਚ ਦਿਓ। 4x4=16**

1. ਭਾਰਤ ਦੀ ਹਰੀ ਕ੍ਰਾਂਤੀ 'ਤੇ ਵਿਆਖਿਆਤਮਕ ਲੇਖ ਲਿਖੋ।
2. ਭਾਰਤ ਵਿੱਚ ਕਣਕ ਦੀ ਖੇਤੀ ਬਾਰੇ ਵਿਸਥਾਰ ਵਿੱਚ ਦੱਸੋ।
3. ਭਾਰਤ ਵਿੱਚ ਲਘੂ ਅਤੇ ਕੁਟੀਰ ਉਦਯੋਗਾਂ ਤੋਂ ਤੁਹਾਡਾ ਕੀ ਭਾਵ ਹੈ?
4. ਵੱਡੇ ਉਦਯੋਗਾਂ ਦੀ ਮਹੱਤਤਾ ਬਾਰੇ ਚਰਚਾ ਕਰੋ।
5. ਆਜ਼ਾਦ ਹਿੰਦ ਫੌਜ ਤੇ ਨੋਟ ਲਿਖੋ।
6. ਗ਼ਦਰ ਪਾਰਟੀ ਨੇ ਆਜ਼ਾਦੀ ਦੀ ਜੰਗ ਵਿਚ ਕੀ ਯੋਗਦਾਨ ਦਿੱਤਾ?
7. ਸੰਸਦ ਦੀਆਂ ਕਿਸੇ ਵੀ 4 ਸ਼ਕਤੀਆਂ ਦੀ ਵਿਆਖਿਆ ਕਰੋ।
8. ਕੇਂਦਰੀ ਮੰਤਰੀ ਮੰਡਲ ਵਿੱਚ ਕਿੰਨੇ ਤਰ੍ਹਾਂ ਦੇ ਮੰਤਰੀ ਹੁੰਦੇ ਹਨ?

Downloaded from cclchapter.com

### ਭਾਗ- ਹ

**5. ਸਰੋਤ ਅਧਾਰਿਤ ਪ੍ਰਸ਼ਨ:** **4+4=8**

**(ੳ)** ਇਹ ਵਿਦੇਸ਼ੀ ਪੌਦੇ ਸਥਾਨਕ ਲਾਭਕਾਰੀ ਬਨਸਪਤੀ ਦੇ ਵਾਧੇ ਵਿਚ ਰੁਕਾਵਟ ਹੀ ਨਹੀਂ ਬਣੇ ਸਗੋਂ ਉਪਯੋਗੀ ਭੂਮੀ ਨੂੰ ਘਾਟ ਕਾਰਨ ਅਤੇ ਭਿਆਨਕ ਕਿਸਮ ਦੀਆਂ ਬਿਮਾਰੀਆਂ ਫੈਲਾਉਣ ਵਿੱਚ ਵੀ ਖਤਰਨਾਕ ਸਿੱਧ ਹੋ ਰਹੇ ਹਨ। ਇਹਨਾਂ ਦੇ ਹਾਨੀਕਾਰਕ ਪ੍ਰਭਾਵ ਦੇ ਕਾਰਨ ਜਲ ਹਾਈਆਸਿੰਥ ਪੌਦੇ ਦੇ ਜਲ ਸਰੋਤਾ ਵਿਚ ਫੈਲ ਜਾਣ ਕਰਕੇ ਇਸ ਨੂੰ 'ਬੰਗਾਲ ਦੀ ਦਹਿਸ਼ਤ' ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸੇ ਤਰਾਂ 'ਲੈਨਟਾਨਾ' ਨਾਮੀ ਪੌਦੇ ਨੇ ਦੇਸ਼ ਦੀਆਂ ਹਰੀਆਂ-ਭਰੀਆਂ ਚਰਾਗਾਹਾਂ ਅਤੇ ਕੁਦਰਤੀ ਜੰਗਲਾਂ ਵਿਚ ਤੇਜ਼ੀ ਨਾਲ ਫੈਲ ਕੇ ਆਪਣਾ ਪ੍ਰਭਾਵ ਜਮਾ ਲਿਆ ਹੈ। ਪਾਰਥੇਨੀਅਮ ਘਾਹ ਜਾਂ ਕਾਂਗਰਸ ਘਾਹ ਨੇ ਵੀ ਤੇਜ਼ੀ ਨਾਲ ਦੇਸ਼ ਅੰਦਰ ਫੈਲਦੇ ਹੋਏ ਲੋਕ ਸਿਹਤ ਨਾਲ ਸੰਬੰਧਤ ਐਲਰਜੀ, ਸਾਹ ਅਤੇ ਚਮੜੀ ਦੇ ਰੋਗਾਂ ਵਿੱਚ ਭਾਰੀ ਵਾਧਾ ਕੀਤਾ ਹੈ। ਹਰੇਕ ਦੇਸ਼ ਦਾ ਵਿਕਾਸ ਅਤੇ ਵਾਤਾਵਰਣ ਸੰਤੁਲਨ ਬਣਾਏ ਰੱਖੇ ਜਾਣ ਲਈ ਇਹ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਦੀ ਘੱਟੋ-ਘੱਟ 33 ਪ੍ਰਤੀਸ਼ਤ ਭੂਮੀ ਜੰਗਲਾਂ ਨਾਲ ਢੱਕੀ ਹੋਵੇ। ਸੰਸਾਰ ਦੀ 29.5% ਭੂਮੀ ਵਣਾ ਨਾਲ ਢੱਕੀ ਹੋਈ ਹੈ ਜਦੋਂ ਕੇ ਭਾਰਤ ਦੇ ਕੁੱਲ ਖੇਤਰਫਲ ਦਾ 741 ਲੱਖ ਹੈਕਟੇਅਰ ਭਾਗ ਜਾਂ 22.7% ਹਿੱਸਾ ਜੰਗਲਾਂ ਹੇਠ ਹੈ। ਰਾਜ ਪੱਧਰ 'ਤੇ ਵੀ ਜੰਗਲਾਂ ਦੀ ਜ਼ਿਆਦਾ ਮਾਤਰਾ ਤ੍ਰਿਪੁਰਾ (59.6%) ਅਤੇ ਹਿਮਾਚਲ ਪ੍ਰਦੇਸ਼ (48.1%) ਵਿੱਚ ਮਿਲਦੀ ਹੈ ਜਦੋਂ ਕਿ ਪੰਜਾਬ (2.3%) ਅਤੇ ਰਾਜਸਥਾਨ (3.6%) ਵਰਗੇ ਰਾਜਾਂ ਵਿੱਚ 15% ਤੋਂ ਵੀ ਘੱਟ ਭੂਮੀ ਜੰਗਲਾਂ ਹੇਠ ਆਉਂਦੀ ਹੈ। ਕੇਂਦਰ ਸ਼ਾਸਤ ਪ੍ਰਦੇਸ਼ਾਂ ਅਧੀਨ, ਸਭ ਤੋਂ ਵੱਧ ਰਕਬਾ (94.6%) ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਅਤੇ ਸਭ ਤੋਂ ਘੱਟ (2.1%) ਦਿੱਲੀ ਵਿੱਚ ਜੰਗਲਾਂ ਹੇਠ ਹੈ।

**ਉੱਪਰ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-**

1. ਹਾਈਆਸਿੰਥ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ? 1
2. ਕਾਂਗਰਸ ਘਾਹ ਦਾ ਦੂਸਰਾ ਨਾਮ ਕੀ ਹੈ? 1
3. ਹਿਮਾਚਲ ਪ੍ਰਦੇਸ਼ ਦੇ ਕਿੰਨੇ ਪ੍ਰਤੀਸ਼ਤ ਖੇਤਰ ਜੰਗਲਾਂ ਨਾਲ ਢੱਕੇ ਹੋਏ ਹਨ? 1
4. ਕਿਸ ਕੇਂਦਰ ਸ਼ਾਸਤ ਪ੍ਰਦੇਸ਼ਾਂ ਦਾ ਸਭ ਤੋਂ ਵੱਧ ਹਿੱਸਾ ਜੰਗਲਾਂ ਨਾਲ ਢੱਕਿਆ ਹੋਇਆ ਹੈ? 1

**(ਅ)** ਗੁਲਾਬ ਸਿੰਘ ਭੰਗੀ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਗੁਰਦਿੱਤ ਸਿੰਘ ਅੰਮ੍ਰਿਤਸਰ ਦਾ ਹਾਕਮ ਬਣਿਆ। ਉਹ ਨਾਬਾਲਗ ਸੀ। ਇਸ ਲਈ ਉਸ ਰਾਜ ਦੀ ਸਾਰੀ ਸ਼ਕਤੀ ਉਸਦੀ ਮਾਤਾ ਮਾਈ ਸੁਖਾਂ ਦੇ ਹੱਥਾਂ ਵਿੱਚ ਸੀ। 1805 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਜਿੱਤਣ ਦਾ ਬਹਾਨਾ ਲੱਭ ਲਿਆ। ਉਸਨੇ ਮਾਈ ਸੁਖਾਂ ਨੂੰ ਸੁਨੇਹਾ ਭੇਜਿਆ ਕਿ ਉਹ ਜਮਜਮਾ ਤੋਪ ਉਸ ਨੂੰ ਸੌਂਪ ਦੇਵੇ। ਉਸ ਤੋਂ ਲੋਹਗੜ੍ਹ ਕਿਲ੍ਹਾ ਵੀ ਮੰਗ ਲਿਆ। ਮਾਈ ਸੁਖਾਂ ਨੇ ਮਹਾਰਾਜੇ ਦੀਆਂ ਮੰਗਾਂ ਨੂੰ ਠੁਕਰਾ ਦਿੱਤਾ। ਮਹਾਰਾਜਾ ਰਣਜੀਤ ਸਿੰਘ, ਜੋ ਪਹਿਲਾਂ ਹੀ ਲੜਾਈ ਲਈ ਤਿਆਰ ਸਨ, ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ ਅਤੇ ਲੋਹਗੜ੍ਹ ਦੇ ਕਿਲੇ ਨੂੰ ਘੇਰ ਲਿਆ। ਸਦਾ ਕੌਰ ਅਤੇ ਫਤਿਹ ਸਿੰਘ ਆਹਲੂਵਾਲੀਆ ਨੇ ਇਸ ਮੁਹਿੰਮ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿੱਤਾ। ਨਤੀਜੇ ਵਜੋਂ ਮਹਾਰਾਜਾ

Downloaded from cclchapter.com

ਰਣਜੀਤ ਸਿੰਘ ਨੇ ਅੰਮ੍ਰਿਤਸਰ ਅਤੇ ਲੋਹਗੜ੍ਹ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ। ਮਾਈ ਸੁਖਾਂ ਅਤੇ ਗੁਰਦਿੱਤ ਸਿੰਘ ਨੂੰ ਰੋਜ਼ੀ-ਰੋਟੀ ਲਈ ਜਗੀਰ ਦਿੱਤੀ ਗਈ। ਅੰਮ੍ਰਿਤਸਰ ਦਾ ਅਕਾਲੀ ਫੂਲਾ ਸਿੰਘ 2000 ਨਿਹੰਗ ਸਿੰਘਾਂ ਨਾਲ ਰਣਜੀਤ ਸਿੰਘ ਦੀ ਫੌਜ ਵਿੱਚ ਸ਼ਾਮਲ ਹੋ ਗਿਆ।

**ਉੱਪਰ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-**

1. ਗੁਰਦਿੱਤ ਸਿੰਘ ਦੇ ਪਿਤਾ ਦਾ ਕੀ ਨਾਮ ਸੀ? 1
2. ਲੋਹਗੜ੍ਹ ਦਾ ਕਿਲ੍ਹਾ ਕਿਥੇ ਸਥਿਤ ਹੈ ? 1
3. ਮਹਾਰਾਜਾ ਰਣਜੀਤ ਸਿੰਘ ਨੇ ਮਾਈ ਸੁਖਾਂ ਤੋਂ ਕਿਹੜੀ ਤੋਪ ਮੰਗੀ ਸੀ? 1
4. ਸਦਾ ਕੌਰ ਨੇ ਇਸ ਮੁਹਿੰਮ ਵਿਚ ਕੀ ਯੋਗਦਾਨ ਦਿੱਤਾ ? 1

## **ਭਾਗ-** ਕ

**6. (ੳ) ਭਾਰਤ ਦੇ ਨਕਸ਼ੇ ਵਿੱਚ ਕੋਈ ਚਾਰ ਸਥਾਨ ਦਿਖਾਓ: 4x1=4**

1. ਲਕਸ਼ਦੀਪ 2. ਜਾਸਕਰ ਪਰਬਤ ਸ਼੍ਰੇਣੀ 3. ਕੋਰੋਮੰਡਲ ਤੱਟ 4. ਇਲਾਹਾਬਾਦ 5. ਚੌਲ ਉਤਪਾਦਨ ਦਾ ਕੋਈ ਇੱਕ ਖੇਤਰ 6. ਸਭ ਤੋਂ ਵੱਧ ਆਬਾਦੀ ਵਾਲਾ ਰਾਜ

**(ਅ) ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਕੋਈ ਚਾਰ ਸਥਾਨ ਦਿਖਾਓ: 4x1=4**

1. ਆਨੰਦਪੁਰ ਸਾਹਿਬ 2. ਚਮਕੌਰ ਸਾਹਿਬ 3. ਭੰਗਾਣੀ 4. ਖਿਦਰਾਣਾ 5. ਨਾਦੌਣ 6. ਸਭਰਾਓਂ

Downloaded from cclchapter.com